

# ਕੁਝ ਸੰਖੇਪ ਤੱਥ: COVID-19 ਦੀ ਵੈਕਸੀਨ ਅਤੇ ਗਰਭ-ਅਵਸਥਾ

## COVID-19 ਦੀ ਵੈਕਸੀਨ ਅਤੇ ਗਰਭ-ਅਵਸਥਾ ਬਾਰੇ ਬਹੁਤ ਸਾਰੀ ਗਲਤ ਜਾਣਕਾਰੀ ਫੈਲੀ ਹੋਈ ਹੈ। ਆਓ ਕੁਝ ਗਿਆਤ ਤੱਥਾਂ ਬਾਰੇ ਸਮਝੀਏ!

### ਗਰਭ-ਅਵਸਥਾ ਤੋਂ ਪਹਿਲਾਂ, ਉਸ ਦੌਰਾਨ ਅਤੇ ਉਸ ਤੋਂ ਬਾਅਦ COVID-19 ਦੀ ਵੈਕਸੀਨ ਲੈਣਾ ਪੂਰੀ ਤਰਹ੍ਹਾਂ ਸੁਰੱਖਿਅਤ ਹੈ।

ਗੰਭੀਰ COVID-19 ਦੀ ਬਿਮਾਰੀ ਤੋਂ ਬਚਣ ਲਈ American College of Obstetricians and Gynecologists (ACOG, ਅਮੈਰੀਕਨ ਕਾਲਜ ਆਫ਼ ਔਬਸਟੇਟ੍ਰੀਸ਼ੀਅਨ ਅਤੇ ਗਾਇਨੀਕੋਲੋਜਿਸਟ) ਅਤੇ Centers for Disease Control and Prevention (CDC, ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰ) ਵੱਲੋਂ ਗਰਭ-ਅਵਸਥਾ ਦੌਰਾਨ ਵੈਕਸੀਨ ਲੈਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।

### ਜੇਕਰ ਗਰਭਵਤੀ ਇਸਤਰੀਆਂ ਨੂੰ COVID-19 ਹੋ ਜਾਂਦਾ ਹੈ ਤਾਂ ਉਹਨਾਂ ਵਿੱਚ ਗੰਭੀਰ ਬਿਮਾਰੀ ਅਤੇ ਜਟਿਲਤਾਵਾਂ ਵਿਕਸਿਤ ਹੋਣ ਦਾ ਜੋਖਮ ਵੱਧ ਜਾਂਦਾ ਹੈ।

ਗਰਭ-ਅਵਸਥਾ ਦੌਰਾਨ ਜਾਂ ਬਾਅਦ ਵਿੱਚ COVID-19 ਦੇ ਨਾਲ ਗੰਭੀਰ ਰੂਪ ਵਿੱਚ ਬਿਮਾਰ ਹੋਣ ਕਾਰਨ ਹਸਤਪਾਲ ਵਿੱਚ ਭਰਤੀ ਹੋਣਾ ਪੈ ਸਕਦਾ ਹੈ, ਵੈਂਟੀਲੇਟਰ ਦੀ ਲੋੜ ਪੈ ਸਕਦੀ ਹੈ, ਅਤੇ ਗਰਭ-ਅਵਸਥਾ ਦੌਰਾਨ ਜਟਿਲਤਾਵਾਂ, ਸਮੇਂ ਤੋਂ ਪਹਿਲਾਂ ਬੱਚੇ ਦਾ ਜਨਮ ਜਾਂ ਮਿਰ੍ਤਕ ਜਨਮ ਦਾ ਖਤਰਾ ਕਾਫੀ ਵੱਧ ਜਾਂਦਾ ਹੈ।

### ਇਸ ਗੱਲ ਦਾ ਕੋਈ ਸਬੂਤ ਨਹੀ ਹੈ ਕਿ COVID-19 ਦੀ ਵੈਕਸੀਨ ਦੇ ਕਾਰਨ ਜਨਮਜਾਤ ਦੋਸ਼, ਗਰਭਪਾਤ, ਸਮੇਂ ਤੋਂ ਪਹਿਲਾਂ ਜਨਮ, ਮਿਰ੍ਤਕ ਜਨਮ ਜਾਂ ਹੋਰ ਕੋਈ ਜਟਿਲਤਾਵਾਂ ਪੈਦਾ ਹੋ ਸਕਦੀਆਂ ਹਨ।

ਹਾਲਾਂਕਿ COVID-19 ਦੀ ਬਿਮਾਰੀ ਨੂੰ ਇਹਨਾਂ ਜਟਿਲਤਾਵਾਂ ਦਾ ਕਾਰਨ ਮੰਨਿਆ ਜਾਂਦਾ ਹੈ।

### ਜੇ ਤੁਸੀ ਆਪਣੇ ਬੱਚੇ ਨੂੰ ਦੁੱਧ ਚੁੰਘਾਉਦੇ ਹੋ ਤਾਂ ਵੀ ਵੈਕਸੀਨ ਲੈਣਾ ਸੁਰੱਖਿਅਤ ਹੈ।

ਜਦੋਂ ਤੱਕ ਬੱਚਾ 6 ਮਹੀਨੇ ਦਾ ਹੋ ਕੇ ਵੈਕਸੀਨ ਲੈਣ ਲਈ ਯੋਗ ਨਹੀ ਹੋ ਜਾਂਦਾ, ਉਦੋਂ ਤੱਕ ਮਾਂ ਦੇ ਦੁੱਧ ਰਾਹੀ ਮਿਲੀਆਂ ਐਂਟੀਬਾਡੀਜ਼ ਬੱਚੇ ਨੂੰ COVID-19 ਦੀ ਲਾਗ ਤੋਂ ਬਚਾਉਣ ਵਿੱਚ ਮਦਦ ਕਰਦੀਆਂ ਹਨ।

**ਸਰੋਤ:**


ਗਰਭ-ਅਵਸਥਾ ਜਾਂ ਦੁੱਧ ਚੁੰਘਾਉਣ ਦੀ ਅਵਸਥਾ ਵਿੱਚ COVID-19 ਦੀ ਵੈਕਸੀਨ (cdc.gov) | https://www.cdc.gov/coronavirus/2019-ncov/vaccines/recommendations/pregnancy.html (ਸਿਰਫ਼ ਅੰਗਰੇਜ਼ੀ, ਸਪੈਨਿਸ਼, ਕੋਰੀਅਨ, ਵੀਅਤਨਾਮੀ, ਅਤੇ ਚੀਨੀ)

ਗਰਭ-ਅਵਸਥਾ ਅਤੇ ਹਾਲ ਹੀ ਵਿੱਚ ਗਰਭਵਤੀ ਹੋਈਆਂ ਇਸਤਰੀਆਂ | CDC | https://www.cdc.gov/coronavirus/2019-ncov/need-extra-precautions/pregnant-people.html (ਸਿਰਫ਼ ਅੰਗਰੇਜ਼ੀ)

COVID-19 ਦੀ ਵੈਕਸੀਨ ਅਤੇ ਗਰਭ-ਅਵਸਥਾ: ਤੁਹਾਨੂੰ ਕੀ ਜਾਣਨ ਦੀ ਲੋੜ ਹੈ | Johns Hopkins Medicine | https://www.hopkinsmedicine.org/health/conditions-and-diseases/coronavirus/the-covid19-vaccine-and-pregnancy-what-you-need-to-know (ਸਿਰਫ਼ ਅੰਗਰੇਜ਼ੀ)


Washington State Department of HEALTH

ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-525-0127 'ਤੇ ਕਾਲ ਕਰੋ। ਬਹਿਰੇ ਗਾਹਕ ਜਾਂ ਜਿੰਨਹ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ civil.rights@doh.wa.gov 'ਤੇ ਈਮੇਲ ਕਰੋ।

Vaccinate WA

CovidVaccineWA.org

DOH 825-049 August 2023 Punjabi